# ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ: 02-11-2021 ਸਮਾਂ ਦੁਪਹਿਰ 12:00 ਵਜੇ ਸ੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਸਲਰ ਦਾ ਨਾਮ | ਵਾਰਡ ਨੰ: | ਕੌਸਲਰ ਦਾ ਨਾਮ | ਵਾਰਡ ਨੰ: | ਕੌਸਲਰ ਦਾ ਨਾਮ |
|---|---|---|---|---|---|
| 42 | ਸ੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 15 | ਸ੍ਰੀਮਤੀ ਨਿਰਮਲ ਕੋਰ | 34 | ਸ੍ਰੀ ਸੁਖਦੇਵ ਸਿੰਘ |
| 8 | ਸ੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 16 | ਸ੍ਰੀ ਨਰਪਿੰਦਰ ਸਿੰਘ ਰੰਗੀ | 35 | ਸ੍ਰੀ ਅਰੂਨਾ ਸ਼ਰਮਾ |
| 1 | ਸ੍ਰੀਮਤੀ ਜਸਪ੍ਰੀਤ ਕੋਰ | 18 | ਸ੍ਰੀ ਕੁਲਵੰਤ ਸਿੰਘ | 36 | ਸ੍ਰੀ ਪ੍ਰਮੋਦ ਕੁਮਾਰ |
| 2 | ਸ੍ਰੀ ਮਨਜੀਤ ਸਿੰਘ ਸੇਠੀ | 19 | ਸ੍ਰੀਮਤੀ ਰਾਜ ਰਾਣੀ ਜੈਨ | 37 | ਸ੍ਰੀਮਤੀ ਗੁਰਪ੍ਰੀਤ ਕੋਰ |
| 3 | ਸ੍ਰੀ ਮਤੀ ਦਵਿੰਦਰ ਕੋਰ ਵਾਲਿਆ | 20 | ਸ੍ਰੀ ਰਿਸ਼ਵ ਜੈਨ | 38 | ਸ੍ਰੀ ਸਰਬਜੀਤ ਸਿੰਘ |
| 4 | ਸ੍ਰੀ ਰਜਿੰਦਰ ਸਿੰਘ ਰਾਣਾ | 22 | ਸ੍ਰੀ ਜਸਬੀਰ ਸਿੰਘ ਮੰਣਕੂ | 40 | ਸ੍ਰੀ ਸੁੱਚਾ ਸਿੰਘ ਕਲੋੜ |
| 5 | ਸ੍ਰੀਮਤੀ ਰੁਪਿੰਦਰ ਕੋਰ ਰੀਨਾ | 23 | ਸ੍ਰੀਮਤੀ ਜਤਿੰਦਰ ਕੋਰ | 41 | ਸ੍ਰੀਮਤੀ ਕੁਲਵੰਤ ਕੋਰ |
| 6 | ਸ੍ਰੀ ਜਸਪ੍ਰੀਤ ਸਿੰਘ ਗਿੱਲ | 24 | ਸ੍ਰੀ ਚਰਨ ਸਿੰਘ ਮਾਸਟਰ | 43 | ਸ੍ਰੀਮਤੀ ਹਰਵਿੰਦਰ ਕੋਰ |
| 7 | ਸ੍ਰੀਮਤੀ ਬਲਜੀਤ ਕੋਰ | 25 | ਸ੍ਰੀ ਮਨਜੀਤ ਕੋਰ | 44 | ਸ੍ਰੀ ਜਗਦੀਸ ਸਿੰਘ |
| 9 | ਸ੍ਰੀਮਤੀ ਬਲਰਾਜ ਕੋਰ | 27 | ਸ੍ਰੀਮਤੀ ਪਰਵਿੰਦਰ ਕੋਰ | 45 | ਸ੍ਰੀਮਤੀ ਮੀਨਾ ਕੌਂਡਲ |
| 11 | ਸ੍ਰੀਮਤੀ ਅਨੁਰਾਧਾ ਆਨੰਦ ਅੰਨੁ | 28 | ਸ੍ਰੀਮਤੀ ਰਮਨਪ੍ਰੀਤ ਕੋਰ | 46 | ਸ੍ਰੀ ਰਵਿੰਦਰ ਸਿੰਘ |
| 12 | ਸ੍ਰੀ ਪਰਮਜੀਤ ਸਿੰਘ ਹੈਪੀ | 29 | ਸ੍ਰੀਮਤੀ ਕੁਲਦੀਪ ਕੋਰ | 47 | ਸ੍ਰੀਮਤੀ ਸੁਮਨ |
| 13 | ਸ੍ਰੀਮਤੀ ਨਮਰਤਾ ਸਿੰਘ | 30 | ਸ੍ਰੀ ਵਨੀਤ ਮਲਿਕ | 48 | ਸ੍ਰੀ ਨਰਾਇਣ ਸਿੰਘ ਸਿੱਧੂ |
| 14 | ਸ੍ਰੀ ਕਮਲਪ੍ਰੀਤ ਸਿੰਘ ਬਨੀ | 31 | ਸ੍ਰੀਮਤੀ ਕੁਲਜਿੰਦਰ ਕੋਰ | 49 | ਸ੍ਰੀਮਤੀ ਗੁਰਪ੍ਰੀਤ ਕੋਰ |
| | | 32 | ਸ੍ਰੀ ਹਰਜੀਤ ਸਿੰਘ ਬੈਦਵਾਨ | 50 | ਸ੍ਰੀਮਤੀ ਗੁਰਮੀਤ ਕੌਰ |

| Sr. No. | Resolution No. | Date of Meeting | Resolution Description | Orders of Competent Authority |
|---|---|---|---|---|
| 1) | 69 | 02-11-2021 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ: 28-09-2021 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 2) | 70 | 02-11-2021 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 29-10-2021 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 3) | 71 | 02-11-2021 | **Street Vendors (Protection of livelihood and Regulation of Street Vending) Act, 2014 ਦੀ ਧਾਰਾ 2(1) (c) ਅਤੇ ਧਾਰਾ 20(4) ਅਧੀਨ ਐਪੀਲੇਟ ਅਥਾਰਟੀ ਸਬੰਧੀ।**<br>ਰਿਪੋਰਟ ਲੀਗਲ ਸਾਖਾ ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਵਿਸ਼ੇ ਅਧੀਨ ਐਕਟ ਦੀ ਧਾਰਾ 20(4) ਰਾਹੀ District Disputes Redressal Committee, ਐਸ.ਏ.ਐਸ ਨਗਰ ਵੱਲੋ ਸੁਣਾਏ ਗਏ ਫੈਸਲੇ ਦੇ ਖਿਲਾਫ ਅਪੀਲ ਦੀ ਸੁਣਵਾਈ ਅਤੇ ਫੈਸਲਾ ਕਰਨ ਦੇ ਅਧਿਕਾਰ ਲੋਕਲ ਅਥਾਰਟੀ ਨੂੰ ਦਿੱਤੇ ਗਏ ਹਨ। ਇਸ ਐਕਟ ਦੀ ਧਾਰਾ 2(1) (c) ਅਨੁਸਾਰ ਲੋਕਲ ਅਥਾਰਟੀ ਦਾ ਮਤਲਬ ਨਗਰ ਨਿਗਮ ਨਿਸ਼ਚਿਤ ਕੀਤਾ ਗਿਆ ਹੈ। ਇਸ ਸਬੰਧ ਵਿਚ ਜ਼ਿਕਰ ਯੋਗ ਹੈ ਕਿ District Disputes Redressal Committee, ਐਸ.ਏ.ਐਸ ਨਗਰ ਅੱਗੇ Street Vendors ਵੱਲੋ ਕੇਸ ਦਾਇਰ ਕੀਤੇ ਜਾ ਰਹੇ ਹਨ ਜਿਹਨਾ ਸਬੰਧੀ ਬਤੌਰ ਐਪੀਲੇਟ ਅਥਾਰਟੀ ਅਪੀਲਾ ਦੀ ਸੁਣਵਾਈ ਕਰਨ ਲਈ ਪ੍ਰਸ਼ਾਸ਼ਨਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਨੂੰ ਅਧਿਕਾਰਿਤ ਕਰਨ ਲਈ ਨਗਰ ਨਿਗਮ ਦੇ ਮਾਨਯੋਗ ਹਾਊਸ ਤੋਂ ਪ੍ਰਵਾਨਗੀ ਲੈਣੀ ਉਚਿਤ ਹੋਵੇਗੀ ਜੀ। ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਦੀ ਆਗਿਆ ਨਾਲ ਨਗਰ ਨਿਗਮ ਦੇ ਮਾਨਯੋਗ ਹਾਊਸ ਵਿੱਚ ਇਹ ਤਜਵੀਜ਼ ਪ੍ਰਵਾਨਗੀ ਹਿੱਤ ਪੇਸ਼ ਕਰਨ ਲਈ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 4) | 72 | 02-11-2021 | **ਸਫਾਈ ਸੇਵਕਾਂ ਨੂੰ ਬਤੌਰ ਸੈਨਟਰੀ ਜਮਾਂਦਾਰ ਦੀ ਆਸਾਮੀ ਤੇ ਪਦਉੱਨਤ ਕਰਨ ਸਬੰਧੀ।**<br>ਰਿਪੋਰਟ ਸੈਨੀਟੇਸ਼ਨਾ ਸਾਖਾ ਕਿ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਨਗਰ ਨਿਗਮ ਵਿਖੇ ਸੈਨਟਰੀ ਜਮਾਂਦਾਰ ਦੀਆਂ 8 ਆਸਾਮੀਆਂ ਪ੍ਰਵਾਨਤ ਹਨ, ਜਿਨ੍ਹਾਂ ਵਿੱਚੋਂ 3 ਆਸਾਮੀਆਂ ਖਾਲੀ ਹਨ। ਪੰਜਾਬ ਮਿਊਂਸਪਲ ਸਫਾਈ ਕਰਮਚਾਰੀ ਸਰਵਿਸ ਰੂਲਜ 1984 ਅਨੁਸਾਰ ਸੈਨੀਟਰੀ ਜਮਾਂਦਾਰ ਦੀ ਆਸਾਮੀ ਤਰੱਕੀ ਰਾਹੀਂ ਨਗਰ ਨਿਗਮ ਵਿਖੇ ਕੰਮ ਕਰਦੇ ਉਨ੍ਹਾਂ ਸਫਾਈ ਸੇਵਕਾਂ ਜਾਂ ਸੀਵਰਮੈਨਾਂ ਵਿੱਚੋਂ ਭਰੀ ਜਾਣੀ ਹੈ, ਜਿਹਨਾਂ ਪਾਸ ਇਸ ਪੋਸਟ ਤੇ ਕੰਮ ਕਰਨ ਦਾ 5 ਸਾਲ ਦਾ ਤਜਰਬਾ ਹੋਵੇ। ਸੈਨੀਟੇਸ਼ਨ ਸ਼ਾਖਾ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਨਗਰ ਨਿਗਮ ਵਿਖੇ ਕੰਮ ਕਰਦੇ ਸਫਾਈ ਸੇਵਕਾਂ ਵਿੱਚੋਂ ਹੇਠ ਲਿਖੇ ਸਫਾਈ ਸੇਵਕ ਸਨਿਓਰਤਾ-ਕਮ-ਮੈਰਿਟ ਦੇ ਆਧਾਰ ਤੇ ਸੈਨੀਟਰੀ ਜਮਾਂਦਾਰ ਦੀ ਆਸਾਮੀ ਲਈ ਯੋਗ ਹਨ:- | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

<table>
<tr>
<td></td>
<td></td>
<td></td>
<td>
<table>
<tr><th>ਲੜੀ ਨੰ.</th><th>ਕਰਮਚਾਰੀ ਦਾ ਨਾਮ ਅਤੇ ਅਹੁਦਾ</th><th>ਸਨਿਆਰਤਾ ਸੂਚੀ ਵਿੱਚ ਨੰਬਰ</th><th>ਵਿਸ਼ੇਸ਼ ਕਥਨ</th></tr>
<tr><td>1</td><td>ਸ਼੍ਰੀਮਤੀ ਰੋਸ਼ਨੀ ਦੇਵੀ, ਸਫਾਈ ਸੇਵਕ</td><td>26</td><td></td></tr>
<tr><td>2</td><td>ਸ਼੍ਰੀਮਤੀ ਲਛਮੀ ਦੇਵੀ, ਸਫਾਈ ਸੇਵਕ</td><td>27</td><td>ਇਹ ਕਰਮਚਾਰਨ ਸੇਵਾ ਮੁਕਤ ਹੋ ਚੁੱਕੀ ਹੈ।</td></tr>
<tr><td>3</td><td>ਸ਼੍ਰੀ ਇਮਰਤ, ਸਫਾਈ ਸੇਵਕ</td><td>28</td><td></td></tr>
<tr><td>4</td><td>ਸ਼੍ਰੀਮਤੀ ਸ਼ਕੁੰਤਲਾ-1, ਸਫਾਈ ਸੇਵਕ</td><td>29</td><td>ਇਹ ਕਰਮਚਾਰਨ ਸੇਵਾ ਮੁਕਤ ਹੋ ਚੁੱਕੀ ਹੈ।</td></tr>
<tr><td>5</td><td>ਸ਼੍ਰੀ ਸੁਰਜੀਤ ਸਿੰਘ, ਸਫਾਈ ਸੇਵਕ</td><td>30</td><td></td></tr>
</table>
<br>
ਉਕਤ ਕਰਮਚਾਰੀਆਂ ਵਿੱਚੋਂ ਲੜੀ ਨੰ.2 ਅਤੇ ਲੜੀ ਨੰ.4 ਤੇ ਦਰਜ ਕਰਮਚਾਰੀ ਸੇਵਾ ਮੁਕਤ ਹੋ ਚੁੱਕੇ ਹਨ, ਜਿਸ ਕਾਰਨ ਲੜੀ ਨੰ. 1,3 ਅਤੇ 5 ਤੇ ਦਰਜ ਕਰਮਚਾਰੀ ਨੂੰ ਸੈਨਟਰੀ ਜਮਾਂਦਾਰ ਦੀ ਆਸਾਮੀ ਤੇ ਪਦਉੱਨਤੀ ਲਈ ਵਿਚਾਰਨਾ ਬਣਦਾ ਹੈ। ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਦੀ ਰਿਪੋਰਟ ਅਨੁਸਾਰ ਇਹਨਾਂ ਕਰਮਚਾਰੀਆਂ ਦਾ ਕੰਮ ਕਾਜ ਅਤੇ ਆਚਰਨ ਤਸੱਲੀਬਖਸ਼ ਹੈ ਅਤੇ ਇਹਨਾਂ ਦੇ ਵਿਰੁੱਧ ਕੋਈ ਵਿਭਾਗੀ ਕਾਰਵਾਈ ਜਾਂ ਚੌਕਸੀ ਕਾਰਵਾਈ ਲੰਬਤ ਨਹੀ ਹੈ, ਜਿਸ ਕਾਰਨ ਇਹਨਾਂ ਕਰਮਚਾਰੀਆਂ ਨੂੰ ਸੈਨਟਰੀ ਜਮਾਂਦਾਰ ਦੀ ਆਸਾਮੀ ਤੇ ਪਦਉੱਨਤ ਕਰਨ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਸਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਕਰਨ ਹਿੱਤ ਪੇਸ਼ ਹੈ ਜੀ।
</td>
<td></td>
</tr>
<tr>
<td>5)</td>
<td>73</td>
<td>02-11-2021</td>
<td><u>Implementation of Punjab Urban Local Bodies Surveillance Grid for Women Safety (PUNGRID-WS) Project.</u><br><br>
ਰਿਪੋਰਟ ਇੰਜ: ਸਾਖਾ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ General Manager (P) PMIDC ਵੱਲੋਂ ਆਪਣੇ ਦਫਤਰ ਦੇ ਪੱਤਰ ਨੰ. PMIDC/PD/M(P)/2021-22/9619 ਰਾਹੀਂ ਲਿਖਿਆ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਸੁਰੱਖਿਆ ਵਾਸਤੇ ਕਈ ਕਦਮ ਚੁੱਕੇ ਗਏ ਹਨ, ਪਰੰਤੂ ਇਸ ਦੇ ਬਾਵਜੂਦ ਔਰਤਾਂ ਦੇ ਵਿਰੁੱਧ ਅਤਿਅਚਾਰ ਕਾਫੀ ਵੱਧ ਰਿਹਾ ਹੈ। ਵਿਸ਼ਵੀਕਰਨ ਕਾਰਨ ਪੜ੍ਹਿਆਂ ਲਿਖਿਆਂ ਔਰਤਾਂ ਇਸ ਸਮੇਂ ਸੋਸਾਇਟੀ ਵਿੱਚ ਮਰਦਾਂ ਨਾਲ ਹਰ ਖੇਤਰ ਵਿੱਚ ਬਰਾਬਰੀ ਤੇ ਕੰਮ ਕਰ ਰਹੀਂਆ ਹਨ। ਹੁਣ ਵੀ</td>
<td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

ਔਰਤਾਂ ਤੇ ਲੜਕੀਆਂ ਨਾਲ ਛੇੜਖਾਨੀ ਅਤੇ ਦੁਰਵਿਹਾਰ ਦੀਆਂ ਘਟਨਾਵਾਂ/ਵਾਰਦਾਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਹਾਲਾਤਾਂ ਕਾਰਨ ਕਈ ਔਰਤਾਂ ਜਰੂਰੀ ਸੇਵਾਵਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਇਹਨਾਂ ਹਾਲਾਤਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਵੱਲੋਂ ਨਿਰਭੈ ਫੰਡ ਸਥਾਪਿਤ ਕੀਤਾ ਗਿਆ ਹੈ, ਜਿਸ ਰਾਹੀਂ ਔਰਤਾਂ ਦੀ ਸੁਰੱਖਿਆ ਵਾਸਤੇ ਸ਼ਹਿਰਾਂ ਵਿੱਚ Surveillance Infrastructure ਨੂੰ ਆਪਗਰੇਡ ਕਰਨ ਦਾ ਪ੍ਰਸਤਾਵ ਹੈ। ਇਸ ਵਾਸਤੇ ਰਾਜ ਸਰਕਾਰ ਵੱਲੋਂ "Punjab Urban Local Bodies Surveillance Grid for Women Safety (PUNGRID-WS)" ਸਕੀਮ ਬਣਾਈ ਗਈ ਹੈ। ਜਿਸ ਅਧੀਨ ਸ਼ਹਿਰ ਦੀਆਂ ਉਹਨਾਂ ਥਾਂਵਾਂ ਤੇ ਜਿਥੇ ਔਰਤਾਂ ਦਾ ਆਉਣਾ ਜਾਣਾ ਜਿਆਦਾ ਹੈ, ਜਿਵੇਂ ਕਿ ਲੜਕੀਆਂ ਦਾ ਕਾਲਜ, University, ਵਿਦਿਆਕ ਅਦਾਰੇ, market places. ਇਹਨਾਂ ਥਾਵਾਂ ਤੇ ਸੀ.ਸੀ.ਟੀ.ਵੀ. surveillance ਕੈਮਰੇ ਲਗਏ ਜਾਣੇ ਹਨ। ਫੇਜ-1 ਆਧੀਨ 35 ULB's ਵਿੱਚ ਇਹ surveillance ਕੈਮਰੇ ਲਗਾਏ ਜਾਣ ਦੀ ਤਜਵੀਜ਼ ਹੈ। ਜਿਸ ਵਿੱਚ ਐਸ.ਏ.ਐਸ. ਨਗਰ (ਮੋਹਾਲੀ) ਸ਼ਹਿਰ ਵੀ ਸ਼ਾਮਲ ਹੈ। ਇਹਨਾਂ ਕੈਮਰਿਆਂ ਨੂੰ ਪੰਜਾਬ ਪੁਲਿਸ, ਵੱਖ-ਵੱਖ law enforcement agencies ਅਤੇ ਰਾਜ ਸਰਕਾਰ ਅਥਾਰਟੀ ਵੱਲੋਂ ਨਿਗਰਾਨੀ ਕੀਤੀ ਜਾਵੇਗੀ। ਜਿਸ ਨਾਲ ਔਰਤਾਂ ਦੀ ਸੁਰੱਖਿਆ ਵਿੱਚ ਕਾਫੀ ਵਾਧਾ ਹੋਵੇਗਾ। ਨਿਰਭੇ ਫੰਡ ਅਧੀਨ ਭਾਰਤ ਸਰਕਾਰ ਵੱਲੋਂ ਰਾਜ ਸਰਕਾਰ ਦੇ ਇਸ ਪ੍ਰੋਜੈਕਟ ਤੇ 60 : 40 ਦੇ ਅਨੁਪਾਤ ਅਨੁਸਾਰ ਫੰਡ ਮੁਹੱਇਆ ਕਰਵਾਏ ਜਾਣਗੇ, ਜਿਸ ਵਿੱਚ 60% ਭਾਰਤ ਸਰਕਾਰ ਅਤੇ 40% ਰਾਜ ਸਰਕਾਰ ਵੱਲੋਂ ਦਿੱਤੇ ਜਾਣਗੇ।

ਇਸ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਵੱਲੋਂ ਮਾਨਯੋਗ ਮੇਅਰ ਜੀ ਦੀ ਪ੍ਰਧਾਨਗੀ ਹੇਠ ਮਿਤੀ 19-10-2021 ਨੂੰ ਗੈਰ-ਸਰਕਾਰੀ ਸੰਗਠਨਾਂ, ਹਿੱਸੇਦਾਰਾਂ ਅਤੇ ਪੁਲਿਸ ਵਿਭਾਗ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸ਼ਾਮਲ ਮੈਂਬਰਾ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਨਾਮ | ਅਦਾਰਾ | ਸੁਝਾਅ |
|---|---|---|---|
| 1. | ਸ੍ਰੀ ਅਮਰੋਜ ਸਿੰਘ, ਡੀ.ਐਸ.ਪੀ. | ਪੁਲਿਸ ਵਿਭਾਗ | ਇਹਨਾਂ ਵੱਲੋਂ ਕਿਹਾ ਗਿਆ ਕਿ ਪੁਲਿਸ ਵਿਭਾਗ ਵੱਲੋਂ ਮੋਹਾਲੀ ਸ਼ਹਿਰ ਦੀਆਂ ਮੁੱਖ ਸੜਕਾ, ਸੈਕਟਰ ਡਿਵਾਇਡਿੰਗ ਰੋਡਾਂ ਤੇ ਕੈਮਰੇ ਲਗਾਏ ਜਾ ਰਹੇ ਹਨ। ਸ਼ਹਿਰ ਵਿੱਚ ਮਾਰਕੀਟਾਂ ਵਿੱਚ ਪੁਲਿਸ ਵਿਭਾਗ ਵੱਲੋਂ ਕੈਮਰੇ ਨਹੀਂ ਲਗਾਏ ਜਾ ਰਹੇ ਹਨ। ਇਹਨਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਮੋਹਾਲੀ |

| | | | |
|---|---|---|---|
| | | | ਸ਼ਹਿਰ ਵਿੱਚ ਔਰਤਾਂ ਅਤੇ ਬੱਚਿਆ ਖਿਲਾਫ ਕੁੱਲ ਅਪਰਾਧਾ ਵਿੱਚੋਂ 95% ਅਪਰਾਧ ਫੇਜ-3ਬੀ2 ਅਤੇ ਫੇਜ-7 ਦੀਆਂ ਮਾਰਕੀਟਾਂ ਵਿੱਚ ਹੀ ਹੁੰਦਾ ਹੈ। ਇਸ ਲਈ ਵਿਸ਼ੇ ਅਧੀਨ ਤਜਵੀਜ਼ ਵਿੱਚ ਔਰਤਾਂ ਦੀ ਸੁਰਖਿਆ ਲਈ ਲਏ ਜਾਣ ਵਾਲੇ ਕੈਮਰਿਆ ਨੂੰ ਫੇਜ-3ਬੀ2 ਅਤੇ ਫੇਜ-7 ਦੀ ਮਾਰੀਕਟਾਂ ਵਿੱਚ ਹੀ ਲਗਾਉਣ ਦੇ ਸੁਝਾਅ ਦਿੱਤਾ ਗਿਆ ਹੈ। |
| 2. | ਡਾ. ਜਰਨੈਲ ਸਿੰਘ, ਡੀ.ਈ.ਓ (ਐਸ.ਸੀ) | ਸਿਖਿਆ ਵਿਭਾਗ | ਇਹਨਾਂ ਵੱਲੋਂ ਕਿਹਾ ਗਿਆ ਕਿ ਸ਼ਹਿਰ ਵਿੱਚ ਸਕੂਲਾਂ ਦੇ ਬਾਹਰ ਬੱਚਿਆ ਦੀ ਸੁਰਖਿਆ ਲਈ ਕੈਮਰੇ ਲਗਾਏ ਜਾਣ। |
| 3. | ਸ਼੍ਰੀ ਰਾਜੀਵ ਗੁਪਤਾ, ਜਨਰਲ ਸੈਕਟਰੀ. | ਮੋਹਾਲੀ ਇੰਡਸਟਰੀਅਲ ਐਸੋਸੀਏਸ਼ਨ | ਇਹਨਾਂ ਵੱਲੋਂ ਕਿਹਾ ਗਿਆ ਕਿ ਇੰਡਸਟਰੀਅਲ ਏਰੀਏ ਵਿੱਚ ਕਾਲ ਸੈਂਟਰ ਅਤੇ ਕੁਝ ਇੰਡਸਟਰੀ 24 ਘੰਟੇ ਚਲਦੀਆਂ ਹਨ ਅਤੇ ਰਾਤ ਦੇ ਸਮੇਂ ਕਈ ਵਾਰ ਔਰਤਾਂ ਖਿਲਾਫ ਹੋਏ ਅਪਰਾਧਾ ਖਿਲਾਫ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਲਈ ਇੰਡੀ. ਏਰੀਏ ਵਿੱਚ ਔਰਤਾਂ ਦੀ ਸੁਰਖਿਆ ਲਈ ਕੈਮਰੇ ਲਗਾਏ ਜਾਣ। |
| 4. | ਸ਼੍ਰੀ ਸਵਰਨ ਚੋਧਰੀ, ਪ੍ਰਿੰਸੀਪਲ | ਸੀਨੀਅਰ ਸੀਟੀਜ਼ਨ | ਸ਼ਹਿਰ ਦੀਆਂ ਸਾਰੀਆਂ ਮਾਰਕੀਟਾਂ ਵਿੱਚ ਜਿਆਂਦਾਤਰ ਫੇਜ- 3ਬੀ2 ਅਤੇ ਫੇਜ-7 ਵਿੱਚ ਸਭ ਤੋਂ ਵਧ ਹੁਲੜਬਾਜ਼ੀ ਰਹਿੰਦੀ ਹੈ ਅਤੇ ਕਈ ਸ਼ਰਾਰਤੀ ਅੰਸਰ ਗੱਡੀਆ ਵਿੱਚ ਬੇਠ ਕੇ ਦਾਰੂ ਵੀ ਪੀਂਦੇ ਹਨ। ਜਿਸ ਨਾਲ ਲੜਕੀਆਂ ਨਾਲ ਛੇੜ ਛਾੜ ਅਤੇ ਵਾਰਦਾਤਾ ਹੋਣ ਦਾ ਡਰ ਬਣਿਆਂ ਰਹਿੰਦਾ ਹੈ |

| | | | |
|---|---|---|---|
| 5. | ਸ਼੍ਰੀ ਚਰਨਜੀਤ ਸਿੰਘ, ਰੋਡ ਸੇਫਟੀ ਇੰਜੀਨੀਅਰ | ਐਨ.ਜੀ.ਓ | ਇਹਨਾਂ ਵੱਲੋਂ ਕਿਹਾ ਗਿਆ ਕਿ ਜਿਸ ਥਾਵਾਂ ਤੇ ਔਰਾਤਾਂ/ਲੜਕੀਆਂ ਦੀ ਵੱਧ ਆਵਾਜਾਈ ਰਹਿੰਦੀ ਹੈ ਜਿਵੇ ਕਿ ਇੰਡੀ. ਏਰਿਆ, ਸਕੂਲਾ ਅਤੇ ਸ਼ਹਿਰ ਦੀ ਮੈਨ ਮਾਰਕੀਟਾਂ ਵਿੱਚ ਕੈਮਰੇ ਲਗਾਏ ਜਾਣ |
| 6. | ਸ਼੍ਰੀ ਹਰਪ੍ਰੀਤ ਸਿੰਘ, ਪ੍ਰੈਜੀਡੈਂਟ, ਅਵਾਯੋਡ ਐਕਸੀਡੈਂਟ | ਐਨ.ਜੀ.ਓ | |

ਮਾਨਯੋਗ ਮੇਅਰ ਜੀ ਵੱਲੋਂ ਉਪਰੋਕਤ ਦਰਸਾਏ ਗਏ ਸੁਝਾਵਾ ਤੇ ਮੀਟਿੰਗ ਵਿੱਚ ਹਾਜ਼ਰ ਹੋਏ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਸਰਭ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ Nirbhaya Fund ਅਧੀਨ ਸਰਕਾਰ ਵੱਲੋਂ ਸ਼ਹਿਰ ਲਈ ਦਿੱਤੇ ਗਏ 100 ਕੈਮਰੇ ਔਰਤਾਂ ਅਤੇ ਬੱਚਿਆ ਦੀ ਸੁਰਖਿਆ ਨੂੰ ਮੁੱਖ ਰੱਖਦੇ ਹੋਏ ਫੇਜ-3ਬੀ2 ਅਤੇ ਫੇਜ-7 ਦੀਆਂ ਮਾਰਕੀਟਾਂ ਅਤੇ ਸਕੂਲਾਂ ਅੱਗੇ ਲਗਾਏ ਜਾਣ।

ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ. 222 ਮਿਤੀ 22-10-2021 ਰਾਹੀਂ ਵਿਸ਼ੇ ਅਧੀਨ DPR ਤਿਆਰ ਕਰਨ ਲਈ ਜਿਲ੍ਹਾਂ ਪੁਲਿਸ ਕਪਤਾਨ ਵੱਲੋਂ ਸ਼ਹਿਰ ਵਿੱਚ ਲੱਗੇ ਹੋਏ ਕੈਮਰੇ ਅਤੇ Crime ਦੀ ਜਾਣਕਾਰੀ ਦੇਣ ਲਈ ਲਿਖਿਆ ਗਿਆ ਅਤੇ ਨਗਰ ਨਿਗਮ ਵੱਲੋਂ ਪੁਲਿਸ ਵਿਭਾਗ ਨਾਲ ਸ਼ਹਿਰ ਦੀਆਂ ਮੁੱਖ ਮਾਰਕੀਟਾਂ ਜਿਥੇ ਔਰਤਾਂ ਦੇ ਅਪਰਾਧਾ ਦਾ ਰੇਟ ਵੱਧ ਹੋਣ ਦਾ ਖਦਸ਼ਾ ਹੋ ਸਕਦਾ ਹੈ ਦਾ joint survey ਕੀਤਾ ਗਿਆ। ਇਸ ਉਪਰੰਤ ਸੀਨੀਅਰ ਕਪਤਾਨ ਪੁਲਿਸ ਵੱਲੋਂ ਆਪਣੇ ਪੱਤਰ ਨੰ. 59580/ਐਸ/ਏ.ਸੀ-1 ਮਿਤੀ 27-10-2021 ਰਾਹੀਂ Crime against women, Existing camera detail ਅਤੇ camera requirement in ULB ਦੀ ਰਿਪੋਰਟ ਭੇਜੀ ਗਈ ਹੈ। ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1. | Crime against women | 55 cases (30 Rape cases and 25 Snatching cases ) |
| 2. | Existing camera detail | 50 no's (Camera installed in main road and roundabout/ chowks) |
| 3. | Camera requirement in ULB | 52 no's (phase- 3B1, phase- 3B2, phase-7 markets and schools) |

ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਔਰਤਾਂ ਦੀ ਸੁਰਖਿਆ ਲਈ CCTV camera ਲਗਾਉਣ ਲਈ ਸਿਖਿਆ ਵਿਭਾਗ ਅਤੇ ਪੁਲਿਸ ਵਿਭਾਗ ਨਾਲ ਤਾਲਮੇਲ ਕੀਤਾ ਗਿਆ। ਪੁਲਿਸ ਵਿਭਾਗ ਵੱਲੋਂ ਕਿਹਾ ਗਿਆ ਕਿ ਜਿਆਂਦਾ ਤਰ ਚੌਂਕਾ ਅਤੇ ਸੜਕਾ ਤੇ ਕੈਮਰੇ ਲਗਾਏ ਜਾ ਚੁੱਕੇ ਹਨ ਅਤੇ ਸ਼ਹਿਰ ਦੀਆਂ ਫੇਜ-3ਬੀ2 ਅਤੇ ਫੇਜ-7 ਦੀਆਂ ਮਾਰਕੀਟਾਂ ਤੇ ਕੈਮਰੇ ਲਗਾਉਣ ਦੀ ਤਜਵੀਜ਼ ਉਕਤ ਦਰਸਾਈ ਸਾਰਨੀ ਮੁਤਾਬਿਕ ਭੇਜੀ ਗਈ ਹੈ।

| | | | | |
|---|---|---|---|---|
| | | | ਸਿਖਿਆ ਵਿਭਾਗ ਵੱਲੋਂ ਫੇਜ-3ਬੀ2 ਅਤੇ ਫੇਜ-7 ਵਿੱਚ ਸਕੂਲਾਂ ਦੀ ਡਿਟੇਲ ਭੇਜੀ ਗਈ ਹੈ, ਜਿਸ ਵਿੱਚ ਲਗਭਗ 3000 ਲੜਕੀਆਂ ਪੜਦੀਆਂ ਹਨ। ਇਸ ਨੂੰ ਮੁੱਖ ਰੁੱਖਦੇ ਹੋਏ ਨਗਰ ਨਿਗਮ ਵੱਲੋਂ ਸਾਰੇ ਸ਼ਹਿਰ ਵਿੱਚ ਸਰਵੇ ਕੀਤਾ ਗਿਆ ਅਤੇ ਸ਼ਹਿਰ ਵਿੱਚ ਜਿਥੇ-2 ਔਰਤਾਂ ਦੇ ਅਪਰਾਧ ਹੋਣ ਦਾ ਖਦਸ਼ਾ ਜਿਆਂਦਾ ਹੋ ਸਕਦਾ ਹੈ ਦੀ ਡਿਟੇਲ ਤਿਆਰ ਕੀਤੀ ਗਈ, ਜਿਸ ਵਿੱਚ ਲਗਭਗ 310 ਕੈਮਰੇ ਲਗਾਏ ਜਾ ਸਕਦੇ ਹਨ।<br>ਇਥੇ ਇਹ ਦਸਣਯੋਗ ਹੋਵੇਗਾ ਕਿ General Manager (P) PMIDC ਵੱਲੋਂ ਪ੍ਰਾਪਤ ਹੋਏ ਪੱਤਰ ਮੁਤਾਬਿਕ project ਸਬੰਧੀ Nirbhaya Fund ਅਧੀਨ ਔਰਤਾਂ ਦੀ ਸੁਰਖਿਆ ਲਈ ਐਸ.ਏ.ਐਸ. ਨਗਰ (ਮੋਹਾਲੀ) ਵਿੱਚ ਕੇਵਲ 100 ਕੈਮਰੇ ਲਗਾਏ ਜਾਣੇ ਹਨ। ਉਕਤ ਮੁਤਾਬਿਕ ਮਾਨਯੋਗ ਮੇਅਰ ਜੀ ਵੱਲੋਂ ਫੈਸਲਾ ਲਿਆ ਗਿਆ ਕਿ Nirbhaya Fund ਅਧੀਨ ਔਰਤਾਂ ਦੀ ਸੁਰਖਿਆ ਲਈ ਫੇਜ-3ਬੀ2 ਅਤੇ ਫੇਜ-7 ਦੀਆਂ ਮਾਰਕੀਟਾਂ ਅਤੇ ਸਕੂਲਾਂ ਅੱਗੇ surveillance camera ਲਗਾਏ ਜਾਣ।<br>ਸੋ ਉਕਤ ਤਥਾਂ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ, ਐਸ.ਏ.ਐਸ. ਨਗਰ ਸ਼ਹਿਰ ਵਿੱਚ 100 No's (80 fixed + 20 PTZ) Surveillance ਕੈਮਰੇ ਜਿਹਨਾਂ ਦੀ ਕੁੱਲ ਲਾਗਤ 4.65 ਕਰੋੜ ਰੁਪਏ (capex + opex) ਹੈ, ਲਗਾਏ ਜਾਣ ਦੀ ਤਜਵੀਜ਼ ਬਣਾਈ ਗਈ ਹੈ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | |
| 6) | 74 | 02-11-2021 | **<u>ਨਗਰ ਨਿਗਮ ਵਿਖੇ 25 ਸੀਟ ਵਾਲੀਆਂ 5 ਤੋਂ 8 ਲੋਅ ਫਲੋਰ ਏ.ਸੀ. ਸੀ.ਐਨ.ਜੀ ਬੱਸਾਂ ਇਸ਼ਤਿਹਾਰਬਾਜ਼ੀ ਦੇ ਅਧਿਕਾਰਾਂ ਦੇ ਬਦਲੇ ਬੀ.ਓ.ਓ ਅਧਾਰ ਤੇ ਲੈਣ ਸਬੰਧੀ ।</u>**<br>ਰਿਪੋਰਟ ਬਿਲਡਿੰਗ ਸਾਖਾ ਕਿ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਭਾਵੇਂ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (ਸੀ.ਟੀ.ਯੂ) ਦੀਆਂ ਲੋਕਲ ਬੱਸਾਂ ਦੇ ਰੂਟ ਹਨ, ਪ੍ਰੰਤੂ ਕਾਫੀ ਹਿੱਸੇ ਅਜਿਹਾ ਹਨ ਜਿਨ੍ਹਾਂ ਵਿੱਚ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (ਸੀ.ਟੀ.ਯੂ) ਜਾਂ ਤਾਂ ਬਿਲਕੁਲ ਹੀ ਨਹੀਂ ਜਾਂਦੀ ਜਾਂ ਫਰੀਕਿਊਸੈਂਸੀ ਬਹੁਤ ਘੱਟ ਹੈ। ਜਿਸ ਕਾਰਨ ਅਜਿਹੇ ਇਲਾਕਿਆਂ/ਸੈਕਟਰ/ਫੇਜ਼/ਪਿੰਡਾਂ ਵਿੱਚ ਰਹਿਣ ਵਾਲੇ ਸ਼ਹਿਰ ਵਾਸੀਆਂ ਨੂੰ ਸ਼ਹਿਰ ਵਿੱਚ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣ ਸਮੇਂ ਜਾਂ ਤਾਂ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਆਪਣੇ ਨਿੱਜੀ ਵਾਹਨਾਂ ਦੀ ਵਰਤੋਂ ਕਰਨੀ ਪੈਂਦੀ ਹੈ ਜਿਸ ਨਾਲ ਨਾ ਸਿਰਫ ਵਸਨੀਕਾਂ ਤੇ ਵਿੱਤੀ ਬੋਝ ਪੈਂਦਾ ਹੈ ਬਲਕਿ ਸ਼ਹਿਰ ਵਿੱਚ ਟਰੈਫਿਕ/ਪ੍ਰਦੂਸ਼ਣ ਵਿੱਚ ਵਾਧਾ ਹੁੰਦਾ ਹੈ। ਇਸ ਮੁਸ਼ਕਿਲ ਦੇ ਹੱਲ ਲਈ ਨਗਰ ਨਿਗਮ ਮੋਹਾਲੀ ਵਲੋਂ 2016-17 ਵਿੱਚ ਕਿਲੋਮੀਟਰ ਸਕੀਮ ਦੇ ਅਧੀਨ ਸਿਟੀ ਬੱਸ ਸਰਵਿਸ ਸ਼ੁਰੂ ਕਰਨ ਦੀ ਕੋਸ਼ਿਸ ਕੀਤੀ ਗਈ, ਜੋ ਕਿ ਸਫਲ ਨਹੀਂ ਹੋ ਸਕੀ। ਬਾਅਦ ਵਿੱਚ ਫਰਵਰੀ 2019 ਵਿੱਚ ਗਮਾਡਾ ਅਧੀਨ ਪੈਂਦੇ ਏਰੀਏ ਵਿੱਚ ਲੋਕਲ ਬੱਸ ਸਰਵਿਸ | ਬਹੁ-ਸੰਮਤੀ ਨਾਲ ਪ੍ਰਵਾਨ ਹੈ।<br><br>ਸ੍ਰੀ ਮਨਜੀਤ ਸਿੰਘ ਸੇਠੀ ਅਤੇ ਸ੍ਰੀ ਸੁਖਦੇਵ ਸਿੰਘ ਪਟਵਾਰੀ, ਕੌਂਸਲਰਾਂ ਵੱਲੋਂ ਇਸ ਮਤੇ ਤੇ ਦਰਜ਼ ਕਰਵਾਏ ਗਏ ਇਤਰਾਜ ਸਬੰਧੀ ਦੱਸਿਆ ਜਾਂਦਾ ਹੈ ਕਿ ਗਰੇਟਰ ਮੋਹਾਲੀ ਸਿਟੀ ਬੱਸ ਲਿਮਟਿਡ ਕੰਪਨੀ ਸਾਲ 2014 ਵਿੱਚ ਸੈਂਟਰ ਗੋਰਮਿੰਟ ਦੀ **JNNURM** ਸਕੀਮ ਅਧੀਨ ਮੋਹਾਲੀ ਸ਼ਹਿਰ ਵਿੱਚ ਸਿਟੀ ਬੱਸ ਸਰਵਿਸ ਚਲਾਉਣ ਲਈ ਬਣਾਈ ਗਈ ਸੀ। ਇਸ ਸਕੀਮ ਅਧੀਨ 80% ਗਰਾਂਟ ਸੈਟਰ ਗੋਰਮਿੰਟ ਤੋ ਪ੍ਰਾਪਤ ਹੋਣੀ ਸੀ। ਪ੍ਰੰਤੂ ਇਹ ਸਕੀਮ ਬੰਦ ਹੋਣ ਕਾਰਨ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਸਾਲ |

| | | | | |
|---|---|---|---|---|
| | | | ਚਲਾਉਣ ਲਈ ਤਜਵੀਜ ਸ਼ੁਰੂ ਕੀਤੀ ਗਈ ਸੀ, ਜਿਸ ਦਾ ਮਕਸਦ ਨਗਰ ਨਿਗਮ ਦੀ ਹਦੂਦ ਅੰਦਰ ਪੈਂਦੇ ਏਰੀਏ ਤੋਂ ਇਲਾਵਾ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਪੈਂਦੇ ਆਸ ਪਾਸ ਦੇ ਏਰੀਏ ਵਿੱਚ ਸਿਟੀ ਬੱਸ ਸਰਵਿਸ ਚਲਾਉਣਾ ਸੀ ਪ੍ਰੰਤੂ ਕਿਸੇ ਕਾਰਨ ਇਹ ਤਜਵੀਜ ਸਿਰੇ ਨਹੀਂ ਚੜ੍ਹ ਸਕੀ ਅਤੇ ਲੰਬਿਤ ਪਈ ਹੈ। ਇਸ ਲਈ ਜਰੂਰੀ ਹੋ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਉਨਾਂ ਸੈਕਟਰਾਂ/ਫੇਜ਼ਾਂ/ਪਿੰਡਾਂ ਵਿੱਚ ਲੋਕਲ ਬੱਸ ਚਲਵਾਈ ਜਾਵੇ ਜਿਨ੍ਹਾਂ ਵਿੱਚ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (ਸੀ.ਟੀ.ਯੂ) ਜਾਂ ਤਾਂ ਬਿਲਕੁਲ ਹੀ ਨਹੀਂ ਜਾਂਦੀ ਜਾਂ ਫਰੀਕਿਊਸੈਂਸੀ ਬਹੁਤ ਘੱਟ ਹੈ। ਇਸ ਕੰਮ ਲਈ ਹੇਠ ਲਿਖੇ ਅਨੁਸਾਰ ਤਜਵੀਜ਼ ਪੇਸ਼ ਕੀਤੀ ਜਾਂਦੀ ਹੈ:-<br>1) ਨਗਰ ਨਿਗਮ ਵੱਲੋਂ ਹੇਠ ਲਿਖੇ ਦਰਸਾਏ ਰੂਟਾਂ ਤੇ 25 ਸੀਟਾਂ ਵਾਲੀਆਂ 5 ਤੋਂ 8 ਲੋਅ ਫਲੋਰ ਸੀ.ਐਨ.ਜੀ ਏ.ਸੀ ਬੱਸਾਂ ਚਲਾਈਆ ਜਾਣ। ਨਗਰ ਨਿਗਮ ਦੇ ਆਪਣੇ ਵਿੱਤੀ ਸਾਧਨ ਸੀਮਿਤ ਹੋਣ ਕਾਰਨ ਉਚਿਤ ਹੋਵੇਗਾ ਕਿ ਨਗਰ ਨਿਗਮ ਵੱਲੋਂ ਇਹ ਬੱਸਾਂ ਬੀ.ਓ.ਓ (Build Operate Own) ਮਾਡਲ ਦੇ ਆਧਾਰ ਤੇ ਲੈਣ ਲਈ ਦਰਖਾਸਤਕਰਤਾ/ਬਿਡਰਾਂ (ਵਿਅਕਤੀ/ਕੰਪਨੀ/ਏਜੰਸੀਆਂ /ਫਰਮਾਂ ਆਦਿ) ਤੋਂ ਬਿੱਡਾਂ/ ਤਜਵੀਜ਼ ਮੰਗਣ ਲਈ ਰਿਕਿਊਸਟ ਫਾਰ ਪ੍ਰਪੋਜਲ ਜਾਰੀ ਕੀਤਾ ਜਾਵੇ।<br>2) ਨਗਰ ਨਿਗਮ ਨੂੰ ਉਕਤ ਦਰਸਾਏ ਅਨੁਸਾਰ ਲੋੜੀਂਦੀਆਂ 5 ਤੋਂ 8 ਬੱਸਾਂ ਬਿਡਰਾਂ ਵੱਲੋਂ ਆਪਣੇ ਖਰਚੇ ਤੇ ਖਰੀਦ ਕਰਕੇ ਕੇ ਮੁਹੱਈਆ ਕਰਵਾਈਆ ਜਾਣਗੀਆਂ। ਇਕਰਾਰਨਾਮੇ/ ਠੇਕੇ ਦੇ ਸਮੇਂ ਦੌਰਾਨ ਬੱਸਾਂ ਦੀ ਦੇਖਭਾਲ ਅਤੇ ਉਨ੍ਹਾਂ ਨੂੰ ਚਲਾਉਣ ਤੇ ਆਉਣ ਵਾਲੇ ਖਰਚੇ (ਪੀ.ਓ.ਐਲ ਦਾ ਖਰਚਾ, ਮੈਨਪਾਵਰ ਦਾ ਖਰਚਾ, ਬੱਸਾਂ ਦੀ ਦੇਖਭਾਲ ਦਾ ਖਰਚਾ ਅਤੇ ਹੋਰ ਹਰ ਪ੍ਰਕਾਰ ਦਾ ਖਰਚਾ) ਬਿਡਰ ਵੱਲੋਂ ਕੀਤਾ ਜਾਵੇਗਾ।<br>3) ਇਸ ਸਕੀਮ ਲਈ ਤਜਵੀਜ਼ਤ ਰੂਟਾਂ ਦੀ ਸੂਚੀ ਅਨੁਲੱਗ-'ਏ' ਅਨੁਸਾਰ ਹੈ।<br>4) ਸਫਲ ਬਿਡਰ ਵੱਲੋਂ ਆਪਣੇ ਖਰਚੇ ਤੇ ਨਗਰ ਨਿਗਮ ਨੂੰ ਬੱਸਾਂ ਮੁਹੱਈਆ ਕਰਵਾਉਣ ਦੇ ਬਦਲੇ ਉਸਨੂੰ ਬੱਸਾਂ ਦੇ ਬਾਹਰ ਹੇਠ ਲਿਖੇ ਅਨੁਸਾਰ ਇਸ਼ਤਿਹਾਰਬਾਜ਼ੀ ਕਰਨ ਦੇ ਅਧਿਕਾਰ ਹੋਣਗੇ :-<br>ੳ) ਬੱਸ ਦੀ ਡਰਾਇਵਰ ਸਾਈਡ ਤੇ ਇਸ਼ਤਿਹਾਰਬਾਜ਼ੀ ਕਰਨ ਦੀ ਇਜਾਜ਼ਤ ਚੌੜਾਈ ਵਿੱਚ ਬੱਸ ਦੇ ਅਗਲੇ ਟਾਇਰ ਅਤੇ ਪਿਛਲੇ ਟਾਇਰ ਦੇ ਵਿਚਕਾਰ ਅਤੇ ਉਚਾਈ ਵਿੱਚ ਬੱਸ ਦੀ ਫਲੋਰ ਲੈਵਲ ਤੋਂ ਸਵਾਰੀਆਂ ਲਈ ਬਣੀਆਂ ਵਿੰਡੋਆਂ ਦੇ ਨੀਚੇ ਹਿੱਸੇ ਤੱਕ ਹੋਵੇਗੀ ।<br>ਅ) ਬੱਸ ਦੀ ਕੰਡੈਕਟਰ ਸਾਈਡ ਤੇ ਇਸ਼ਤਿਹਾਰਬਾਜ਼ੀ ਕਰਨ ਦੀ ਇਜਾਜ਼ਤ ਚੌੜਾਈ ਵਿੱਚ ਬੱਸ ਦੇ ਅਗਲੇ ਡੋਰ ਅਤੇ ਪਿਛਲੇ ਟਾਇਰ ਦੇ ਵਿਚਕਾਰ ਅਤੇ ਉਚਾਈ ਵਿੱਚ ਬੱਸ ਦੀ ਫਲੋਰ ਲੈਵਲ ਤੋਂ ਸਵਾਰੀਆਂ ਲਈ ਬਣੀਆਂ ਵਿੰਡੋਆਂ ਦੇ ਨੀਚੇ ਹਿੱਸੇ ਤੱਕ ਹੋਵੇਗੀ ।<br>ੲ) ਬੱਸ ਦੇ ਪਿਛਲੇ ਪਾਸੇ ਇਸ਼ਤਿਹਾਰਬਾਜ਼ੀ ਚੌੜਾਈ ਵਿੱਚ ਬੱਸ ਦੇ ਪਿੱਛੇ ਬਣੇ ਇੰਡੀਕੇਟਰਾਂ / ਲਾਈਟਾਂ | 2018 ਵਿੱਚ ਇਸ ਕੰਪਨੀ ਨੂੰ ਬੰਦ ਕਰਨ ਦਾ ਫੈਸਲਾ ਲੈਣ ਉਪਰੰਤ ਇਸ ਕੰਪਨੀ ਨੂੰ ਰਜਿਸਟਰਾਰ ਆਫ ਕੰਪਨੀਸ (ਮਨਿਸਟਰੀ ਆਫ ਕੋਰਪੋਰੇਟ ਅਫੇਅਰ) ਵੱਲੋਂ ਮਿਤੀ: 22-11-2019 ਨੂੰ ਬੰਦ ਕਰ ਦਿਤਾ ਗਿਆ ਸੀ।<br><br>ਇਸ ਤੋਂ ਬਾਅਦ ਸਾਲ 2016 ਵਿੱਚ ਸਟੇਟ ਟਰਾਸਪੋਰਟ ਕਮਿਸ਼ਨਰ ਪੰਜਾਬ ਵੱਲੋਂ ਸਹਿਰ ਵਿੱਚ ਸਿਟੀ ਬੱਸ ਸਰਵਿਸ ਚਲਾਉਣ ਦੀ ਤਜਵੀਜ ਮੰਗੀ ਗਈ ਸੀ। ਜਿਸ ਵਿੱਚ ਨਗਰ ਨਿਗਮ ਵੱਲੋਂ ਰੂਟਸ ਤਿਆਰ ਕਰਕੇ ਭੇਜੇ ਜਾਣੇ ਸਨ ਅਤੇ ਬੱਸਾ ਸਟੇਟ ਟਰਾਸਪੋਰਟ ਮਹਿਕਮੇ ਵੱਲੋਂ ਚਲਾਈਆਂ ਜਾਣੀਆਂ ਸਨ। ਨਗਰ ਨਿਗਮ ਵੱਲੋਂ ਇਹ 14 ਰੂਟ ਤਿਆਰ ਕਰਕੇ ਇਹਨਾ ਦੇ ਪਰਮਿਟ ਜਾਰੀ ਕਰਨ ਲਈ ਸਟੇਟ ਟਰਾਸਪੋਰਟ ਕਮਿਸ਼ਨ ਜੀ ਨੂੰ ਭੇਜ ਦਿੱਤੇ ਗਏ ਸੀ।ਲੇਕਿਨ ਉਸ ਤੋਂ ਬਾਅਦ ਇਹ ਸਕੀਮ ਸਰਕਾਰ ਵੱਲੋਂ ਆਪਣੇ ਪੱਧਰ ਤੇ ਬੰਦ ਕਰ ਦਿੱਤੀ ਗਈ ਸੀ।<br>ਇਸ ਲਈ ਸ਼ਹਿਰ ਨੂੰ ਕਾਫੀ ਸਮੇਂ ਤੋਂ ਸਿਟੀ ਬੱਸ ਸਰਵਿਸ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਹਾਊਸ ਦੀ ਮੀਟਿੰਗ ਵਿੱਚ ਨਗਰ ਨਿਗਮ ਵਿਖੇ ਬੱਸਾ ਚਲਾਉਣ ਦਾ ਫੈਸਲਾ ਸਰਬ ਸੰਮਤੀ ਨਾਲ ਲਿਆ ਗਿਆ। |

| | | | | |
|---|---|---|---|---|
| | | | ਦੇ ਵਿਚਕਾਰ ਦੇ ਹਿੱਸੇ ਅਤੇ ਉਚਾਈ ਵਿੱਚ ਬੱਸ ਦੀ ਫਲੋਰ ਦੇ ਲੈਵਲ ਤੋਂ ਗਲਾਸ ਪੈਨਲ ਤੋਂ ਛੇ ਇੰਚ ਹੇਠਾਂ ਤੱਕ ਹੋਵੇਗੀ ।<br>ਸ) ਬੱਸ ਦੇ ਅੰਦਰ, ਅਗਲੇ ਪਾਸੇ ਜਾਂ ਛੱਤ ਤੇ ਕੋਈ ਇਸ਼ਤਿਹਾਰਬਾਜ਼ੀ ਕਰਨ ਦੀ ਇਜ਼ਾਜਤ ਨਹੀਂ ਹੋਵੇਗੀ<br>ਹ) ਇਸ਼ਤਿਹਾਰਬਾਜੀ ਸਿਰਫ ਫਿਕਸ / ਪੇਂਟਿਡ / ਮੈਗਨੇਟਿਕ ਤਰੀਕੇ ਨਾਲ ਲਗਾਉਣ ਦੀ ਇਜਾਜਤ ਹੋਵੇਗੀ।<br>ਕ) ਐਨੀਮੇਸ਼ਨ ਜਾਂ ਚਲਦੀਆਂ ਫਿਰਦੀਆਂ/ਹਿਲਦੀਆਂ ਜੁਲਦੀਆਂ ਇਸ਼ਤਿਹਾਰਬਾਜੀਆਂ ਕਰਨ ਦੀ ਇਜਾਜਤ ਨਹੀਂ ਹੋਵੇਗੀ।<br>5) ਬੱਸਾਂ ਤੇ ਠੇਕੇਦਾਰ ਵੱਲੋਂ ਇਸ਼ਤਿਹਾਰਬਾਜੀ ਕਰਕੇ ਜੋ ਰਕਮ ਪ੍ਰਾਪਤ ਹੋਵੇਗੀ ਉਸ ਤੇ ਪੂਰਾ ਹੱਕ ਠੇਕੇਦਾਰ ਦਾ ਹੋਵੇਗਾ।<br>6) ਬੱਸ ਟਿਕਟਾਂ ਦੀ ਬਿਕਰੀ ਰਾਹੀਂ ਜੋ ਰਕਮ ਪ੍ਰਾਪਤ ਹੋਵੇਗੀ ਉਹ ਠੇਕੇਦਾਰ ਅਤੇ ਨਗਰ ਨਿਗਮ ਵੱਲੋਂ ਆਪਸ ਵਿੱਚ ਰੈਵਿਨਿਊ ਸ਼ੇਅਰਿੰਗ ਬੇਸ ਤੇ ਵੰਡੀ ਜਾਵੇਗੀ। ਕਾਮਯਾਬ ਬਿੱਡਰ ਘੋਸ਼ਿਤ ਕਰਨ ਦਾ ਪੈਮਾਨਾ ਵੀ ਰੈਵਿਨਿਊ ਸ਼ੇਅਰਿੰਗ ਦੀ ਅਨੁਪਾਤ ਹੋਵੇਗਾ ਭਾਵ ਜੋ ਬਿੱਡਰ ਇਕੱਠੇ ਕੀਤੇ ਜਾਣ ਵਾਲੇ ਰੈਵਿਨਿਊ ਵਿੱਚੋਂ ਨਗਰ ਨਿਗਮ ਨੂੰ ਵੱਧ/ਉਚੇਰੀ ਪ੍ਰਤੀਸ਼ਤ ਦੇਣ ਲਈ ਤਿਆਰ ਹੋਵੇਗਾ, ਉਸ ਨੂੰ ਕਾਮਯਾਬ ਘੋਸ਼ਿਤ ਕੀਤਾ ਜਾਵੇਗਾ।<br>7) ਠੇਕੇ/ਐਗਰੀਮੈਂਟ ਦਾ ਸਮਾਂ 7 ਸਾਲ ਰੱਖ ਲਿਆ ਜਾਵੇ। ਬਿੱਡਰ ਵੱਲੋਂ ਆਪਣੀ ਬਿੱਡ ਨਾਲ 2 ਲੱਖ ਰੁਪਏ ਬਿਆਨਾ ਰਕਮ ਜਮ੍ਹਾ ਕਰਵਾਉਣੀ ਹੋਵੇਗੀ ਅਤੇ ਠੇਕੇ ਸਬੰਧੀ ਇਕਰਾਰਨਾਮਾ ਕਰਨ ਤੋਂ ਪਹਿਲਾਂ 20 ਲੱਖ ਰੁਪਏ ਦੀ ਪ੍ਰਫਾਰਮੈਂਸ ਸਕਿਓਰਟੀ ਨਗਰ ਨਿਗਮ ਦੇ ਹੱਕ ਵਿੱਚ ਦੇਣੀ ਹੋਵੇਗੀ।<br>8) ਬਿੱਡ ਵਿੱਚ ਕੋਈ ਵੀ ਅਜਿਹਾ ਵਿਅਕਤੀ/ਪਾਰਟਨਰਸ਼ਿਪ ਫਰਮ ਜਾਂ ਕੰਪਨੀ ਹਿੱਸਾ ਲੈ ਸਕੇਗੀ ਜਿਸ ਦਾ ਪਿਛਲੇ ਤਿੰਨ ਸਾਲਾਂ ਦੌਰਾਨ (31.03.2021 ਤੱਕ) ਹਰ ਸਾਲ ਦਾ ਸਲਾਨਾ ਟਰਨਓਵਰ ਘੱਟੋ ਘੱਟ ਇੱਕ ਕਰੋੜ ਰੁਪਏ ਹੋਵੇ ਅਤੇ ਉਹ ਕਿਸੇ ਵੀ ਸਰਕਾਰੀ ਵਿਭਾਗ ਦਾ ਡਿਫਾਲਟਰ ਨਾ ਹੋਵੇ ਅਤੇ ਉਸ ਨੂੰ ਕਿਸੇ ਸਰਕਾਰੀ ਵਿਭਾਗ ਵੱਲੋਂ ਬਲੈਕਲਿਸਟ ਨਾ ਕੀਤਾ ਗਿਆ ਹੋਵੇ।<br>9) ਬੱਸਾਂ ਲਈ ਟਿਕਟ ਨਗਰ ਨਿਗਮ ਵੱਲੋਂ ਜਾਰੀ ਕੀਤੇ ਜਾਣਗੇ। ਠੇਕੇਦਾਰ/ ਓਪਰੇਟਰ ਵੱਲੋਂ ਨਗਰ ਨਿਗਮ ਤੋਂ ਬੱਸ ਟਿਕਟ ਪ੍ਰਾਪਤ ਕਰਨ ਉਪਰੰਤ ਜੋ ਟਿਕਟ ਰੋਜਾਨਾ ਸਵਾਰੀਆਂ ਨੂੰ ਜਾਰੀ ਕੀਤੇ ਜਾਣਗੇ ਉਨ੍ਹਾਂ ਦਾ ਲੇਖਾ ਜੋਖਾ ਅਤੇ ਉਨ੍ਹਾਂ ਰਾਹੀਂ ਬੱਸ ਕਿਰਾਏ ਦੇ ਤੌਰ ਤੇ ਪ੍ਰਾਪਤ ਰਕਮ ਅਗਲੇ ਕੰਮ ਵਾਲੇ ਦਿਨ ਠੇਕੇਦਾਰ ਵੱਲੋਂ ਨਗਰ ਨਿਗਮ ਦੇ ਫੰਡਾਂ ਵਿੱਚ ਜਮ੍ਹਾ ਕਰਵਾਈ ਜਾਵੇਗੀ।<br>10) ਇਸ ਸੇਵਾ ਦਾ ਲਾਭ ਲੈਣ ਵਾਲੀਆਂ ਸਵਾਰੀਆਂ ਲਈ ਕਿਰਾਇਆ ਨਿਰਧਾਰਿਤ ਕਰਨ ਲਈ ਟਰਾਂਸਪੋਰਟ ਵਿਭਾਗ ਪੰਜਾਬ ਨਾਲ ਟੇਕ-ਅਪ ਕੀਤਾ ਜਾਵੇਗਾ। | |

| | | | | |
|---|---|---|---|---|
| | | | 11) ਇਸ਼ਤਿਹਾਰ ਜਾਰੀ ਕਰਨ ਲਈ ਆਰ.ਐਫ.ਪੀ **(Request for Proposal)** ਦਾ ਖਰੜਾ ਅਨੁਲੱਗ-'ਬੀ' ਅਨੁਸਾਰ ਹੈ।<br>12) ਸਫਲ ਬਿਡਰ ਨੂੰ The Punjab Municipal Outdoor Advertisement Policy-2018 (ਅਨੁਲੱਗ -'ਸੀ') ਅਤੇ ਬਾਈ-ਲਾਅਜ ਦੇ ਉਪਬੰਧਾ ਦੀ ਪਾਲਣਾ ਕਰਨੀ ਹੋਵੇਗੀ।<br>ਜੇਕਰ ਰਿਪੋਰਟ ਪ੍ਰਵਾਨ ਹੋਵੇ ਤਾਂ ਇਹ ਤਜਵੀਜ਼ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਅਤੇ ਮਾਨਯੋਗ ਮੇਅਰ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ ਪੇਸ਼ ਹੈ ਜੀ। | |
| 7) | 75 | 02-11-2021 | **<u>ਨਗਰ ਨਿਗਮ ਦੀ ਹਦੂਦ ਅੰਦਰ ਪੈਂਦੇ ਏਰੀਏ ਦੀ ਮੈਨੂਅਲ ਅਤੇ ਮਕੈਨੀਕਲ ਸਵੀਪਿੰਗ ਸਬੰਧੀ।</u>**<br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਹਾਉਸ ਮਤਾ ਨੰ. 43 ਮਿਤੀ 03-08-2021 ਰਾਹੀਂ ਸਫਾਈ ਕਰਮਚਾਰੀਆਂ ਦੀ ਭਰਤੀ ਦੀ ਪ੍ਰੀਕਿਰਿਆ ਨੂੰ ਪੂਰਾ ਕਰਨ ਲਈ 3 ਮਹੀਨੇ (ਮਿਤੀ 15-08-2021 ਤੋਂ 14-11-2021) ਦੀ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਨਾਲ ਹੀ M/s Lions services ਪਾਸੋਂ ਪਹਿਲੀਆਂ ਸ਼ਰਤਾ ਦੇ ਅਧਾਰ ਤੇ ਕੰਮ ਦੀ ਮਿਆਦ ਵਿੱਚ 3 ਮਹੀਨੇ (ਮਿਤੀ 15-08-2021 ਤੋਂ 14-11-2021 ਤੱਕ) ਮੈਨੂਅਲ ਅਤੇ ਮਕੈਨੀਕਲ ਸਵੀਪਿੰਗ ਦੇ ਕੰਮ ਵਿੱਚ ਵਾਧਾ ਕਰਨਾ ਪ੍ਰਵਾਨ ਕੀਤਾ ਗਿਆ ਸੀ।<br>ਨਗਰ ਨਿਗਮ ਦੇ ਹਾਉਸ ਮਤਾ ਨੰ. 56 ਮਿਤੀ 26-08-2021 ਰਾਹੀਂ A ਕੈਟਾਗਰੀ ਦੀਆਂ ਸੜਕਾਂ ਦੇ ਨਾਲ B ਕੈਟਾਗਰੀ ਦੀਆਂ ਸੜਕਾਂ ਨੂੰ ਵੀ ਮਕੈਨੀਕਲ ਸਵੀਪਿੰਗ ਰਾਹੀਂ ਸਫਾਈ ਕਰਨਾ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਨਗਰ ਨਿਗਮ ਹਾਉਸ ਦੇ ਮਤਾ ਨੰ. 62 ਮਿਤੀ 14-09-2021 ਰਾਹੀਂ ਮਕੈਨੀਕਲ ਸਵੀਪਿੰਗ ਅਤੇ ਮਤਾ ਨੰ. 63 ਮਿਤੀ 14-09-2021 ਰਾਹੀਂ ਮੈਨੂਅਲ ਸਵੀਪਿੰਗ ਦੇ ਤਖਮੀਨਿਆਂ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਹਨਾਂ ਮਤਿਆਂ ਦੀ ਪ੍ਰਵਾਨਗੀ ਅਜੇ ਤੱਕ ਸਰਕਾਰ ਤੋਂ ਪ੍ਰਾਪਤ ਨਹੀਂ ਹੋਈ ਹੈ। ਸਰਕਾਰ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਟੈਂਡਰ ਪ੍ਰੀਕਿਰਿਆ ਵਿੱਚ ਵੀ ਕੁਝ ਸਮਾਂ ਲੱਗ ਸਕਦਾ ਹੈ।<br>ਇਥੇ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ. ਸ1-ਜਬ-ਡਸਸ-2021/24511-24513 ਮਿਤੀ 23-06-2021 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾ ਅਨੁਸਾਰ ਮੈਨੂਅਲ ਸਵੀਪਿੰਗ ਦੇ ਕੰਮ ਲਈ ਸਫਾਈ ਕਰਮਚਾਰੀਆਂ ਨੂੰ ਕੰਟਰੈਟਕ ਤੇ ਰੱਖਣ ਲਈ ਹੁਕਮ ਜਾਰੀ ਕੀਤੇ ਗਏ ਹਨ ਅਤੇ ਨਗਰ ਨਿਗਮ ਵੱਲੋਂ ਵੱਲੋਂ ਆਪਣੇ ਨੋਟਿਸ ਨੰ. 2288 ਮਿਤੀ 21-10-2021 ਰਾਹੀਂ ਸਫਾਈ ਸੇਵਕਾ ਦੀ ਭਰਤੀ ਕਰਨ ਲਈ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਦੀ ਆਖਰੀ ਮਿਤੀ 08-11-2021 ਹੈ। ਸਫਾਈ ਕਰਮਚਾਰੀਆਂ ਦੀ ਭਰਤੀ ਦੀ ਪ੍ਰੀਕਿਰਿਆ ਨੂੰ ਪੂਰਾ ਕਰਨ ਲਈ ਕੁਝ ਸਮਾਂ ਲੱਗ ਸਕਦਾ ਹੈ। ਮੈਨੂਅਲ | ਕਮਿਸ਼ਨਰ ਨਗਰ ਨਿਗਮ ਜੀ ਵੱਲੋਂ ਸੁਝਾਅ ਦਿੱਤਾ ਗਿਆ ਕਿ ਜੇਕਰ ਨਗਰ ਨਿਗਮ ਵੱਲੋਂ ਸਫਾਈ ਸੇਵਕਾਂ ਦੀ ਭਰਤੀ ਪ੍ਰਕਿਰਿਆ 3 ਮਹੀਨਿਆਂ ਤੋਂ ਪਹਿਲਾਂ ਪੂਰੀ ਕਰ ਲਈ ਜਾਂਦੀ ਹੈ ਅਤੇ ਮਕੈਨੀਕਲ ਸਵੀਪਿੰਗ ਲਈ ਨਵੀਂ ਟੈਡਰਿੰਗ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ ਤਾਂ ਮੌਜੂਦਾ ਕੰਪਨੀ ਦਾ ਕੰਨਟੈਕਟ ਸਮਾਪਤ ਕਰ ਦਿੱਤਾ ਜਾਵੇਗਾ। ਉਪਰੋਕਤ ਸੁਝਾਅ ਤੇ ਵਿਚਾਰ ਕਰਦੇ ਹੋਏ ਮਾਨਯੋਗ ਹਾਊਸ ਵੱਲੋ ਇਹ ਮਤਾ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਹੈ। |

| | | | | |
|---|---|---|---|---|
| | | | ਅਤੇ ਮਕੈਨੀਕਲ ਸਵੀਪਿੰਗ ਦੇ ਚੱਲ ਰਹੇ ਕੰਮ ਦੀ ਮਿਆਦ ਮਿਤੀ 14-11-2021 ਨੂੰ ਖਤਮ ਹੋ ਰਹੀ ਹੈ।<br>ਸ਼ਹਿਰ ਦੀ ਸਾਫ ਸਫਾਈ ਰੱਖਣੀ ਨਗਰ ਨਿਗਮ ਦੀ ਮੁਢਲੀ ਜਿਮੇਵਾਰੀ ਹੈ, ਜੇਕਰ M/s Lions services ਵੱਲੋਂ ਮਿਤੀ 14-11-2021 ਨੂੰ ਕੰਮ ਬੰਦ ਕਰ ਦਿੱਤਾ ਜਾਂਦਾ ਹੈ ਤਾਂ ਨਗਰ ਨਿਗਮ ਵੱਲੋਂ ਸਫਾਈ ਕਰਨ ਲਈ ਹੋਰ ਕੋਈ ਸਾਧਨ ਨਹੀਂ ਹੈ। ਸਫਾਈ ਨਾ ਹੋਣ ਕਰਕੇ ਸ਼ਹਿਰ ਵਿੱਚ ਗੰਦਗੀ ਫੈਲ ਸਕਦੀ ਹੈ, ਜਿਸ ਨਾਲ ਸਰਕਾਰ ਅਤੇ ਨਗਰ ਨਿਗਮ ਦਾ ਅਕਸ ਖਰਾਬ ਹੋ ਸਕਦਾ ਹੈ। ਸ਼ਹਿਰ ਵਿੱਚ ਸਫਾਈ ਰੱਖਣੀ ਬਹੁਤ ਜਰੂਰੀ ਹੈ। ਸੋ ਪਬਲਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਮੈਨੂਅਲ ਅਤੇ ਮਕੈਨੀਕਲ ਸਵੀਪਿੰਗ ਦਾ ਜੋ ਕੰਮ ਚੱਲ ਰਿਹਾ ਹੈ ਅਤੇ ਇਸ ਕੰਮ ਦੀ ਮਿਆਦ ਵਿੱਚ ਵਾਧਾ ਕਰਨਾ ਯੋਗ ਹੋਵੇਗਾ। ਮਕੈਨੀਕਲ ਸਵੀਪਿੰਗ ਦੀ ਟੈਂਡਰ ਪ੍ਰੀਕਿਰਿਆ ਅਤੇ ਮੈਨੂਅਲ ਸਵੀਪਿੰਗ ਦੀ ਭਰਤੀ ਦੀ ਪ੍ਰੀਕਿਰਿਆ ਪੂਰੀ ਹੋਣ ਤੱਕ M/s Lions Services ਦੇ ਚੱਲ ਰਹੇ ਕੰਮ ਵਿੱਚ ਪਹਿਲੀਆਂ ਸ਼ਰਤਾਂ ਦੇ ਅਧਾਰ ਤੇ ਘੱਟੋ ਘੱਟ 3 ਮਹੀਨੇ ਲਈ ਕੰਮ ਦੀ ਮਿਆਂਦ ਵਿੱਚ ਫੈਸਲਾ ਲੈਣ ਲਈ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | |
| 8) | 76 | 02-11-2021 | **ਸਪਲਾਈ ਆਫ ਬਰਿੱਕਟਸ ਫਾਰ ਸਮਸਾਨ ਘਾਟ ਐਮ.ਸੀ.ਐਸ.ਏ.ਐਸ ਨਗਰ।**<br>ਰਿਪੋਰਟ ਇੰਜ: ਸਾਖਾ ਕਿ ਵਿਸੇ ਸਬੰਧੀ ਦੱਸਿਆ ਜ਼ਾਂਦਾ ਹੈ ਕਿ ਨਗਰ ਨਿਗਮ ਦੇ ਸਮਸਾਨ ਘਾਟ ਵਿਖੇ Dead Bodies ਦਾ ਸੰਸਕਾਰ ਕਰਨ ਲਈ ਫਿਊਲ ਵੁੱਡ ਲੱਕੜ ਦਾ ਇਸਤੇਮਾਲ ਕੀਤਾ ਜਾਦਾ ਹੈ। ਇਹ ਵੇਖਣ ਵਿੱਚ ਆਇਆ ਹੈ ਕਿ ਕੁਝ ਸ਼ਹਿਰਾਂ ਵਿੱਚ Dead Bodies ਦੇ ਸੰਸਕਾਰ ਲਈ ਪਰਾਲੀ ਤੋਂ ਤਿਆਰ ਕੀਤੀਆ ਗਈਆਂ ਬਰਿੱਕਟਸ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਵਿੱਚ ਲੱਕੜ ਦੇ ਨਾਲ 20 ਤੋਂ 25 ਪ੍ਰਤੀਸਤ ਦੀ ਕੰਪੋਜੀਸ਼ਨ ਵਿੱਚ ਇਸਤੇਮਾਲ ਕੀਤਾ ਜਾ ਰਿਹਾ ਹੈ। ਇਹਨਾ ਬਰਿੱਕਟਸ ਦਾ ਰੇਟ ਲੱਕੜ ਤੋਂ ਕੁੱਝ ਵੱਧ ਹੈ। ਇਹਨਾ ਬਰਿੱਕਟਸ ਨੂੰ ਜੇਕਰ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਪਰਾਲੀ ਨੂੰ ਜਲਾਉਣ ਤੋਂ ਹੋਣ ਵਾਲੇ ਪ੍ਰਦੂਸ਼ਣ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਬਰਿੱਕਟਸ ਨੂੰ ਪ੍ਰਯੋਗ ਕਰਨ ਤੇ ਦਰੱਖਤਾਂ ਦੀ ਕੱਟਿੰਗ ਵੀ ਘਟਾਈ ਜਾ ਸਕਦੀ ਹੈ। ਇਸ ਲਈ ਇਹਨਾ ਬਰਿੱਕਟਸ ਨੂੰ ਸੰਸਕਾਰ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।<br>ਇਥੇ ਦੱਸਣਯੋਗ ਹੈ ਕਿ ਯੋਗ ਟੈਂਡਰ ਪ੍ਰਣਾਲੀ ਰਾਂਹੀ ਇਹਨਾ ਬਰਿੱਕਟਸ ਦੀ ਖਰੀਦ ਕੀਤੀ ਜਾਵੇਗੀ। ਸੋ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਜੇਕਰ ਪ੍ਰਵਾਨ ਹੋਵੇ ਤਾਂ ਇਹਨਾਂ ਬਰਿੱਕਟਸ ਨੂੰ ਉਪਰੋਕਤ ਪ੍ਰਤੀਸਤਤਾ ਦੇ ਹਿਸਾਬ ਨਾਲ ਸੰਸਕਾਰ ਲਈ ਇਸਤੇਮਾਲ ਕਰਨ ਅਤੇ ਇਹਨਾ ਦੀ ਖਰੀਦ ਕਰਨ ਸਬੰਧੀ ਕੇਸ ਨਗਰ ਨਿਗਮ ਦੇ ਜ਼ਨਰਲ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| 9) | 77 | 02-11-2021 | <u>ਹੋਰ ਕੋਈ ਟੇਂਬਲ ਆਇਟਮ ਮੇਅਰ ਸਾਹਿਬ ਦੀ ਆਗਿਆ ਨਾਲ।</u><br><br>**<u>ਸ੍ਰਿਸ਼ਟੀ ਕਰਤਾ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੀ ਛੁੱਟੀ ਹਾਊਸ ਵੱਲੋ ਪ੍ਰਵਾਨ ਕਰਵਾਉਣ ਸਬੰਧੀ</u>।**<br>ਰਿਪੋਰਟ ਸੈਨੀਟੇਸ਼ਨ ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਦਾ ਹੈ ਕਿ ਸ਼੍ਰੀ ਸੋਭਾ ਰਾਮ (ਪ੍ਰਧਾਨ ਸਫਾਈ ਮਜਦੂਰ ਯੂਨੀਅਰ) ਨਗਰ ਨਿਗਮ ਮੋਹਾਲੀ ਅਤੇ ਹੋਰਾ ਵੱਲੋ ਬੇਨਤੀ ਕੀਤੀ ਗਈ ਹੈ ਕਿ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਜਨਮ ਦਿਹਾੜੇ ਤੇ ਛੁੱਟੀ ਪੰਜਾਬ ਸਰਕਾਰ ਵੱਲੋ ਵੀ ਗਜਟਿਡ ਛੁੱਟੀ ਐਲਾਨੀ ਗਈ ਹੈ ਅਤੇ ਪੰਜਾਬ ਸਰਕਾਰ ਦੇ ਸਮੂਹ ਕਰਮਚਾਰੀਆ ਨੂੰ ਇਸ ਪਵਿੱਤਰ ਦਿਹਾੜੇ ਦੀ ਛੁੱਟੀ ਹਰ ਸਾਲ ਕੀਤੀ ਜਾਦੀ ਹੈ। ਨਗਰ ਨਿਗਮ ਮੋਹਾਲੀ ਵਿਖੇ ਵੀ ਸਮੂਹ ਸਫਾਈ ਕਾਮਿਆਂ ਵਲੋ ਇਸ ਪਵਿੱਤਰ ਦਿਹਾੜੇ ਤੇ ਹਰ ਸਾਲ ਛੁੱਟੀ ਕੀਤੀ ਜਾਦੀ ਹੈ ਕਿਉਕਿ ਇਹ ਸਾਡਾ ਵੀ ਹੱਕ ਬਣਦਾ ਹੈ। ਇਸ ਲਈ ਜੱਥੇਬੰਦੀ ਵਿਸ਼ੇਸ਼ ਮੰਗ ਹੈ ਕਿ ਸਰਕਾਰ ਦੀਆ ਹਦਾਇਤਾ ਅਨੁਸਾਰ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੇ ਇਸ ਪਵਿੱਤਰ ਦਿਹਾੜੇ ਦੀ ਮੋਹਾਲੀ ਵਿਖੇ ਪੱਕੇ ਤੌਰ ਤੇ ਛੁੱਟੀ ਲਾਗੂ ਕਰਨ ਲਈ ਨਗਰ ਨਿਗਮ ਮੋਹਾਲੀ ਦੇ ਹਾਊਸ ਵਲੋ ਪਾਸ ਕਰਵਾਇਆ ਜਾਵੇ ਤਾ ਜੋ ਸਮੂਹ ਸਫਾਈ ਕਾਮਿਆ ਵਲੋ ਖੂਸ਼ੀ ਅਤੇ ਧੂਮਧਾਮ ਨਾਲ ਇਹ ਪਵਿੱਤਰ ਦਿਹਾੜਾ ਮਨਾਇਆ ਜਾ ਸਕੇ।<br>ਉਕਤ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸ੍ਰਿਸ਼ਟੀ ਕਰਤਾ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੀ ਛੁਟੀ ਹਾਊਸ ਵੱਲੋ ਪ੍ਰਵਾਨ ਕਰਵਾਉਣ ਦੀ ਬੇਨਤੀ ਸ਼੍ਰੀ ਸੋਭਾ ਰਾਮ (ਪ੍ਰਧਾਨ ਸਫਾਈ ਮਜਦੂਰ ਯੂਨੀਅਰ) ਨਗਰ ਨਿਗਮ ਮੋਹਾਲੀ ਅਤੇ ਹੋਰਾ (ਸਫਾਈ ਕਾਮਿਆਂ) ਵੱਲੋ ਕੀਤੀ ਗਈ ਹੈ। ਇਸ ਸਬੰਧੀ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

ਸਹੀ/-
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।